This question paper contains 4 printed pages]

Your Roll No................

**4643**

**B.A. (PROGRAMME)/II** **C**

PUNJABI DISCIPLINE—Paper II

(Optional)

(Admissions of 2004/2006 and after in respect of the students of regular colleges/NCWEB.)

*Time* : 3 *Hours* *Maximum Marks* : 75

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

(*Write your Roll No. on the top immediately on receipt of this question paper.*)

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਕਿੱਸਾ ਪੂਰਨ ਭਗਤ ਦੇ ਆਧਾਰ 'ਤੇ ਪੂਰਨ ਭਗਤ ਦੀ ਕਹਾਣੀ ਦਾ ਆਲੋਚਨਾਤਮਕ ਸਾਰ ਆਪਣੇ ਸ਼ਬਦਾ ਵਿਚ ਲਿਖੋ ।

ਜਾਂ

ਗੁਰੂ ਗੋਬਿੰਦ ਸਿੰਘ ਜੀ ਰਚਿਤ 'ਚੰਡੀ ਦੀ ਵਾਰ' ਦਾ ਵਿਸ਼ੇਗਤ ਅਧਿਐਨ ਕਰੋ । 15

P.T.O.

2. ਹੇਠ ਲਿਖੇ ਇਕਾਂਗੀਆਂ ਵਿਚੋਂ ਕਿਸੇ ਇਕ ਦੀ ਸਾਹਿਤਕ ਪੜਚੋਲ ਕਰੋ :

(*i*) ਜ਼ਫ਼ਰਨਾਮਾ

(*ii*) ਇਕ ਐਤਵਾਰ

(*iii*) ਸੁਹਾਗ । 15

3. ਹੇਠ ਲਿਖੇ ਵਾਕਾਂ ਵਿਚੋਂ ਦੋ ਵਾਕਾਂ ਦੇ ਸ਼ਬਦ-ਜੋੜਾਂ ਨੂੰ ਸ਼ੁੱਧ ਕਰਕੇ ਵਾਕ ਬਣਤਰ ਠੀਕ ਕਰੋ :

(*i*) ਜਰੂਰੀ ਅਗ ਹਨ ਮਨ ਦੇ ਮਨੁਖੀ ਭਾਵ ਤੇ ਰਸ ।

(*ii*) ਅਖਰੂ ਬਣ ਕੇ ਸੱਸੀ ਦੀਆਂ ਅੱਖਾ ਥਾਣੀ ਦਿਲ ਦਾ ਖੁਨ ਵਗ ਤਰਿਆ ।

(*iii*) ਧਾਰਮਕ ਦਿਖਾਣ ਦਾ ਜ਼ੋਰ ਹੇ ਸਪਰਦਾਵਾ ਵਿਚ ਭੇਖ਼ ਤੇ ।

(*iv*) ਆਧਨਿਕ ਨਾਟਕ ਦੇ ਪੰਜਾਬੀ ਮੋਢੀ ਆਈ. ਸੀ ਨੰਦਾ ਸਨ । 10

4. 'ਮੋਬਾਇਲ ਦੇ ਨੁਕਸਾਨਾਂ ਬਾਰੇ' ਇਕ ਵਿਗਿਆਪਨ ਤਿਆਰ ਕਰੋ ।

ਜਾਂ

ਪੰਜਾਬੀ ਭਾਸ਼ਾ ਦੇ ਰਜਿਸਟਰਾਂ ਸੰਬੰਧੀ ਜਾਣਕਾਰੀ ਦਿਉ । 10

5. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਸ਼ਬਦਾਂ ਵਿਚ ਲਿਖੋ : 15

(*i*) 'ਆਧੁਨਿਕ ਇਕਾਂਗੀ' ਪੁਸਤਕ ਵਿਚ ਕੁਲ ਕਿੰਨੇ ਇਕਾਂਗੀ ਹਨ, ਉਨ੍ਹਾਂ ਦੇ ਨਾ ਵੀ ਦਸੋ ।

(*ii*) ਹੀਰ ਰਾਂਝੇ ਦਾ ਕਿੱਸਾ ਕਿਸ ਕਵੀ ਦਾ ਜ਼ਿਆਦਾ ਹਰਮਨ ਪਿਆਰਾ ਹੈ ਅਤੇ ਕਿਉਂ ?

(*iii*) ਸੀਹਰਫ਼ੀ ਕਾਵਿ-ਰੂਪ ਤੋਂ ਕੀ ਭਾਵ ਹੈ ?

(*iv*) ਵਾਰ ਤੇ ਕਿੱਸੇ ਵਿਚ ਕੀ ਅੰਤਰ ਹੈ ?

(*v*) ਇਕਾਂਗੀ ਕਿਸਨੂੰ ਕਹਿੰਦੇ ਹਨ ?

6. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ : 10

"ਪੰਜਾਬ ਗੀਤਾਂ ਧਰਤੀ ਹੈ । ਇੱਥੇ ਬੱਚੇ ਨੂੰ ਗੁੜ੍ਹਤੀ ਹੀ ਗੀਤਾਂ ਦੀ ਮਿਲਦੀ ਹੈ । ਤੇ ਉਹ ਲੋਰੀਆਂ ਦੀਆਂ ਮਿੱਠੀਆਂ ਪਿਆਰ ਭਰੀਆਂ ਸੁਰਾਂ ਹੇਠ ਪਲਦਾ ਹੈ । ਉਸਦੀ ਹਰਵੇਲੇ ਗੀਤਾ ਦੀ ਖੁਰਾਕ ਮਿਲਦੀ ਹੈ । ਥੋੜਾ ਵੱਡੇ ਹੋ ਕੇ ਬੱਚੇ ਬਾਤਾਂ ਤੇ ਬੁਝਾਰਤਾਂ ਪਾਉਣਗੇ ਤਾਂ ਗੀਤਾਂ ਵਿਚ ਅਤੇ ਖੇਡਾਂ ਖੇਲਣਗੇ ਤਾਂ ਵੀ ਗੀਤਾਂ ਵਿਚ ਹੀ । ਬਾਲ ਕਿੱਕਲੀ ਇਸੇ ਅਵਸਥਾ ਦੇ ਗੀਤ ਹਨ । ਜਵਾਨੀ ਵਿਚ ਗਭਰੂ ਤੇ ਮੁਟਿਆਰਾਂ ਗਿੱਧਾ ਪਾਉਂਦੇ ਹਨ ਤੇ ਪੀਘਾਂ ਝੂਟਦੇ ਆਪਣੇ ਦਿਲ ਦੇ ਕੋਮਲ ਭਾਵ ਗੀਤਾਂ ਵਿਚ ਪ੍ਰਗਟ ਕਰਦੇ ਹਨ । ਹਲ ਵਾਹੁੰਦੇ ਹਾਲੀ ਤੇ ਮਹੀਆਂ ਚਾਰਦੇ ਪਾਲੀ ਜਵਾਲੀ ਦੇ ਜੋਸ਼ ਵਿਚ ਮਾਰੀਏ ਟੱਪੇ ਬੋਲੀਆ ਤੇ ਢੋਲੇ ਗਾ ਕੇ ਦਿਲ ਦੀ ਹਵਾੜ ਕੱਢ ਦੇ ਹਨ । ਵਿਆਹਾ ਵਿਚ ਗੀਤਾਂ ਦਾ ਹੜ੍ਹ ਹੀ ਆ ਜਾਂਦਾ ਹੈ । ਸਮੇਂ ਸਮੇਂ ਅਨੁਸਾਰ ਇਨ੍ਹਾਂ ਵਿਚ ਪ੍ਰੇਮ-ਪਿਆਰ, ਖ਼ੁਸੀਹਾਮੀ, ਹਾਸੇ-ਮਜ਼ਾਕ ਤੇ ਵੈਰਾਗ ਦਾ ਰੰਗ ਵੀ ਹੁੰਦਾ ਹੈ । ਇਨ੍ਹਾਂ

ਗੀਤਾਂ ਵਿਚ ਪੰਜਾਬੀ ਸਭਿਆਚਾਰ ਤੇ ਇਤਿਹਾਸ ਉਤੇ ਚਾਨਣਾ ਪਾਇਆ ਮਿਣਦਾ ਹੈ ।"

(i) ਉਪਰੋਕਤ ਪੈਰੇ ਦਾ ਢੁੱਕਵਾਂ ਸਿਰਲੇਖ ਲਿਖੋ ।

(ii) ਪੰਜਾਬ ਨੂੰ ਕੀ ਕਿਹਾ ਜਾਂਦਾ ਹੈ ?

(iii) ਪੰਜਾਬੀ ਬੱਚਿਆਂ ਨੂੰ ਕਿਸ ਚੀਜ਼ ਦੀ ਖੁਰਾਕ ਮਿਲਦੀ ਹੈ ?

(iv) ਪੰਜਾਬੀ ਗੀਤਾਂ ਦਾ ਸਾਡੇ ਇਤਿਹਾਸ ਤੇ ਸਭਿਅਤਾ ਨਾਲ ਕੀ ਸੰਬੰਧ ਹੈ ?

(v) ਇਸ ਪੈਰ੍ਹੇ ਵਿਚ ਲੋਕ ਗੀਤਾਂ ਦੀਆਂ ਕਿਹੜੀਆਂ ਵੰਨਗੀਆਂ ਦਾ ਜ਼ਿਕਰ ਹੈ ?